HOMEWORK DEC 1ST 2018 : READ THESE SAKHI'S

# ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੁਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੁਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।

# ਸੱਚਾ ਸੌਦਾ

ਗੁਰੂ ਨਾਨਕ ਦੇਵ ਜਦੋਂ ਅਠਾਰਾਂ ਵਰ੍ਹਿਆਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਨੇ ਸੋਚਿਆ ਕਿ ਪੁੱਤਰ ਨੂੰ ਸੌਦਾਗਰੀ ਦੇ ਕੰਮ-ਕਾਰ ਵਿਚ ਪਾਇਆ ਜਾਵੇ, ਜਿਸ ਵਿਚ ਪੈਸੇ ਵੀ ਚੰਗੇ ਬਚ ਜਾਇਆ ਕਰਨਗੇ ਅਤੇ ਪੁੱਤਰ ਦਾ ਮਨ, ਗਾਹਕਾਂ ਦੇ ਨਾਲ ਲੈਣ-ਦੇਣ ਦੀਆਂ ਗੱਲਾਂ-ਬਾਤਾਂ ਕਰ ਕੇ ਸਾਰਾ ਦਿਨ ਖ਼ੁਸ਼ ਰਹੇਗਾ। ਇਹ ਸੋਚ, ਚੰਗਾ ਸ਼ੁਭ ਦਿਨ ਦੇਖ ਕੇ ਉਨ੍ਹਾਂ ਨੇ ਭਾਈ ਬਾਲੇ ਨੂੰ ਬੁਲਾ ਲਿਆ। ਭਾਈ ਬਾਲੇ ਨੂੰ ਵੀਹ ਰੁਪਏ ਦੇ ਕੇ ਕਿਹਾ, "ਤੁਸੀਂ ਦੋਵੇਂ ਜਾਉ। ਕੋਈ ਸੱਚਾ ਸੌਦਾ ਖ਼ਰੀਦ ਕੇ ਲੈ ਆਵੋ, ਜਿਸ ਨੂੰ ਵੇਚਣ ਨਾਲ ਆਪਾਂ ਨੂੰ ਕਾਫ਼ੀ ਬੱਚਤ ਹੋਵੇ। ਇਸ ਤਰ੍ਹਾਂ ਜੇ ਤੁਸੀਂ ਵਾਧੇ ਵਾਲਾ ਸੌਦਾ ਕੀਤਾ ਤਾਂ ਮੈਂ ਤੁਹਾਨੂੰ ਅੱਗੇ ਤੋਂ ਵੱਧ ਪੈਸੇ ਦੇ ਕੇ ਹੋਰ ਸੌਦਾ ਖ਼ਰੀਦਣ ਭੇਜਾਂਗਾ।"

ਗੁਰੂ ਜੀ ਅਤੇ ਭਾਈ ਬਾਲਾ ਤਲਵੰਡੀ ਤੋਂ ਚੂਹੜਕਾਣੇ ਵੱਲ ਨੂੰ ਖਰਾ ਸੌਦਾ ਕਰਨ ਲਈ ਚਲ ਪਏ। ਪਿੰਡ ਤੋਂ ਕੋਈ ਦਸ ਬਾਰਾਂ ਮੀਲ ਹੀ ਗਏ ਸਨ ਕਿ ਉਨ੍ਹਾਂ ਨੇ ਜੰਗਲ ਵਿਚ ਇੱਕ ਸਾਧਾਂ ਦੀ ਟੋਲੀ ਬੈਠੀ ਦੇਖੀ। ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਪਿਤਾ ਜੀ ਨੇ ਆਪਾਂ ਨੂੰ ਕੋਈ ਸੱਚਾ ਸੌਦਾ ਕਰਨ ਲਈ ਕਿਹਾ ਹੈ। ਇਨ੍ਹਾਂ ਨੰਗੇ ਭੁੱਖੇ ਸਾਧਾਂ ਨੂੰ ਕੱਪੜੇ ਅਤੇ ਭੋਜਨ ਦੇਣ ਨਾਲੋਂ ਹੋਰ ਕਿਹੜਾ ਸੱਚਾ ਸੌਦਾ ਹੋ ਸਕਦਾ ਹੈ। ਮੈਂ ਇਹ ਸੌਦਾ ਨਹੀਂ ਛੱਡ ਸਕਦਾ। ਇਸ ਤਰ੍ਹਾਂ ਦੇ ਸੱਚੇ ਸੌਦੇ ਕਰਨ ਦਾ ਮੌਕਾ ਕਦੇ-ਕਦਾਈਂ ਹੱਥ ਆਉਂਦਾ ਹੈ।" ਗੁਰੂ ਜੀ ਨੇ ਭਾਈ ਬਾਲੇ ਪਾਸੋਂ ਸਾਰੇ ਪੈਸੇ ਲੈ ਕੇ ਸਾਧਾਂ ਦੇ ਆਗੂ ਅੱਗੇ ਰਖਦਿਆਂ ਕਿਹਾ, "ਮੈਂ ਆਪਦੀ ਸੇਵਾ ਵਿਚ ਇਹ ਭੇਟ ਕਰ ਰਿਹਾ ਹਾਂ।"

ਸਾਧਾਂ ਦੇ ਆਗੂ ਨੇ ਕਿਹਾ, "ਬੇਟਾ, ਇਹ ਪੈਸੇ ਸਾਡੇ ਕਿਸੇ ਕੰਮ ਨਹੀਂ। ਅਸੀਂ ਬਸਤੀਆਂ ਵਿਚ ਨਹੀਂ ਜਾਂਦੇ। ਅਸੀਂ ਜੰਗਲ ਵਿਚ ਹੀ ਰਹਿੰਦੇ ਹਾਂ। ਜੇ ਤੁਸੀਂ ਇਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਦੇਵੋ ਤਾਂ ਅਸੀਂ ਸਵੀਕਾਰ ਕਰ ਲਵਾਂਗੇ।" ਗੁਰੂ ਜੀ ਅਤੇ ਭਾਈ ਬਾਲਾ ਨੇੜੇ ਦੇ ਪਿੰਡ ਵਿਚ ਗਏ। ਉਨ੍ਹਾਂ ਪੈਸਿਆਂ ਦਾ ਭੋਜਨ ਤਿਆਰ ਕਰਵਾ ਕੇ ਲੈ ਆਏ। ਉਹ ਭੋਜਨ ਉਨ੍ਹਾਂ ਸਾਰੇ ਸਾਧਾਂ ਨੂੰ ਵਰਤਾ ਦਿੱਤਾ। ਜਿਹੜੇ ਪੈਸੇ ਬਚ ਗਏ ਉਨ੍ਹਾਂ ਦੇ ਕੱਪੜੇ ਲੈ ਕੇ ਨੰਗੇ ਸਾਧਾਂ ਨੂੰ ਦੇ ਦਿੱਤੇ। ਸਾਧਾਂ ਦੇ ਆਗੂ ਪਾਸੋਂ ਆਗਿਆ ਲੈ ਕੇ, ਖ਼ਾਲੀ ਹੱਥ, ਦੋਵੇਂ ਤਲਵੰਡੀ ਨੂੰ ਵਾਪਸ ਮੁੜ ਆਏ।

ਉਹ ਦੋਵੇਂ ਜਦੋਂ ਪਿੰਡ ਤਲਵੰਡੀ ਦੇ ਨੇੜੇ ਪੁੱਜੇ ਤਾਂ ਗੁਰੂ ਜੀ ਨੇ ਭਾਈ ਬਾਲੇ ਨੂੰ ਕਿਹਾ, "ਭਾਈ ਬਾਲਿਆ, ਤੂੰ ਇਕੱਲਾ ਹੀ ਪਿੰਡ ਨੂੰ ਚਲਿਆ ਜਾ। ਮੈਂ ਇਸ ਖ਼ੂਹ ਉੱਪਰ ਬੈਠਾਂਗਾ।" ਭਾਈ ਬਾਲੇ ਨੇ ਪਿੰਡ ਜਾ ਕੇ ਸਾਰੀ ਕਹਾਣੀ ਮਹਿਤਾ ਕਾਲੂ ਨੂੰ ਦੱਸ ਦਿੱਤੀ। ਇਹ ਵੀ ਦੱਸ ਦਿੱਤਾ ਕਿ ਗੁਰੂ ਜੀ ਕਿੱਥੇ ਬੈਠੇ ਸਨ। ਮਹਿਤਾ ਕਾਲੂ ਨੂੰ ਗੁਰੂ ਜੀ ਦੇ ਇਸ ਤਰ੍ਹਾਂ ਸਾਧਾਂ ਨੂੰ ਪੈਸੇ ਲੁਟਾਉਣ ਉੱਪਰ ਬਹੁਤ ਗ਼ੁੱਸਾ ਆਇਆ। ਉਨ੍ਹਾਂ ਨੇ ਸਾਰੇ ਕੰਮ ਛੱਡ ਕੇ ਭਾਈ ਬਾਲੇ ਨੂੰ ਨਾਲ ਲਿਆ ਅਤੇ ਖ਼ੂਹ ਵੱਲ ਤੁਰ ਪਏ। ਖ਼ੂਹ ਉੱਪਰ ਪੁੱਜ ਕੇ ਉਨ੍ਹਾਂ ਗੁਰੂ ਜੀ ਨੂੰ ਫੜ ਕੇ ਦੋ ਚਾਰ ਚਪੇੜਾਂ ਟਿਕਾ ਦਿੱਤੀਆਂ। ਭਾਈ ਬਾਲਾ ਉਸ ਵੇਲੇ ਵੀ ਕਹਿ ਰਿਹਾ ਸੀ, "ਮਹਿਤਾ ਜੀ, ਤੁਸੀਂ ਸਾਨੂੰ ਤੁਰਨ ਲੱਗਿਆਂ ਨੂੰ ਕਿਹਾ ਸੀ ਕਿ ਕੋਈ ਸੱਚਾ ਸੌਦਾ ਕਰ ਕੇ ਆਉਣਾ। ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ, ਗੁਰੂ ਜੀ ਨੇ ਸੱਚਾ ਸੌਦਾ ਹੀ ਕੀਤਾ ਹੈ।" ਮਹਿਤਾ ਕਾਲੂ ਲਈ ਧਨ ਇਕੱਠਾ ਕਰਨਾ ਹੀ ਸੱਚਾ ਸੌਦਾ ਸੀ, ਕਿਉਂਕਿ ਇਸ ਦੁਨੀਆਂ ਵਿਚ ਧਨੀ ਹੀ ਖ਼ਾਨਦਾਨੀ ਹੈ, ਧਨੀ ਅਕਲਾਂ ਵਾਲਾ ਹੈ, ਧਨੀ ਹੀ ਸ਼ਰੀਫ਼, ਈਮਾਨਦਾਰ, ਧਰਮੀ ਅਤੇ ਦਾਨੀ ਹੈ। ਧਨ ਭਾਵੇਂ ਉਸ ਨੇ ਕਿਸੇ ਵੀ ਢੰਗ ਨਾਲ ਇਕੱਠਾ ਕੀਤਾ ਹੋਵੇ। ਉਸ ਧਨ ਦੀ ਵਿਚਾਰ ਸਿਰਫ਼ ਸੱਚਾ ਸੌਦਾ ਕਰਨ ਵਾਲੇ ਕਰਦੇ ਹਨ।

# ਸੁਲਤਾਨਪੁਰ ਦਾ ਮੋਦੀ ਖ਼ਾਨਾ

ਗੁਰੂ ਨਾਨਕ ਦੇਵ ਜੀ ਨੂੰ ਸੱਚੇ ਸੌਦੇ ਲਈ ਦਿੱਤੇ ਪੈਸੇ, ਸਾਧਾਂ ਉੱਪਰ ਖ਼ਰਚ ਦੇਣ ਪਿੱਛੋਂ ਉਨ੍ਹਾਂ ਦੇ ਪਿਤਾ ਨੇ ਦੇਖ ਲਿਆ ਸੀ ਕਿ ਗੁਰੂ ਜੀ ਸੌਦਾਗਰੀ ਨਹੀਂ ਕਰ ਸਕਦੇ। ਉਨ੍ਹਾਂ ਨੇ ਆਪਣੇ ਹਾਕਮ, ਰਾਏ ਬੁਲਾਰ ਪਾਸੋਂ ਗੁਰੂ ਜੀ ਲਈ ਕੰਮ ਬਾਰੇ ਸਲਾਹ ਲਈ। ਉਸਨੇ ਕਿਹਾ, "ਮਹਿਤਾ ਜੀ, ਆਪਣੇ ਪੁੱਤਰ ਨੂੰ ਤੁਸੀਂ ਸੁਲਤਾਨਪੁਰ ਉਸਦੀ ਭੈਣ ਨਾਨਕੀ ਪਾਸ ਭੇਜ ਦੇਵੋ। ਸੁਲਤਾਨਪੁਰ ਵਿਚ ਭੈਣ ਨਾਨਕੀ ਦਾ ਪਤੀ, ਜੈ ਰਾਮ, ਨਵਾਬ ਦੌਲਤ ਖ਼ਾਨ ਦੀ ਜਾਗੀਰ ਦੀ ਦੇਖ-ਭਾਲ ਕਰਨ ਦਾ ਵਜ਼ੀਰ ਹੈ। ਭਾਈ ਜੈ ਰਾਮ ਇਸ ਨੂੰ ਨਵਾਬ ਦੌਲਤ ਖ਼ਾਨ ਪਾਸ ਕਿਸੇ ਚੰਗੀ ਨੌਕਰੀ ਉੱਪਰ ਰਖਵਾ ਦੇਵੇਗਾ।"

ਮਹਿਤਾ ਕਾਲੂ ਨੇ ਆਪਣੇ ਹਾਕਮ ਦੀ ਸਲਾਹ ਉਪ੍ਰੰਤ, ਗੁਰੂ ਜੀ ਨੂੰ ਸੁਲਤਾਨਪੁਰ ਭੈਣ ਨਾਨਕੀ ਪਾਸ ਭੇਜ ਦਿੱਤਾ। ਭਾਈ ਜੈ ਰਾਮ ਨੇ ਗੁਰੂ ਜੀ ਦੀ ਜਾਣ-ਪਛਾਣ ਆਪਣੇ ਨਵਾਬ ਨਾਲ ਕਰਵਾਈ। ਹਾਕਮ ਨੂੰ ਜਦੋਂ ਪਤਾ ਲੱਗਾ ਕਿ ਗੁਰੂ ਜੀ ਹਿਸਾਬ ਕਿਤਾਬ ਅਤੇ ਫ਼ਾਰਸੀ ਪੜ੍ਹੇ ਹੋਏ ਸਨ ਤਾਂ ਉਸ ਨੇ ਗੁਰੂ ਜੀ ਨੂੰ ਸੁਲਤਾਨਪੁਰ ਦੇ ਮੋਦੀ ਖ਼ਾਨੇ ਵਿਚ ਮੋਦੀ ਦੀ ਨੌਕਰੀ ਉੱਪਰ ਰਖ ਲਿਆ। ਮੋਦੀ ਖ਼ਾਨਾ ਇੱਕ ਬਹੁਤ ਵੱਡਾ ਰਾਸ਼ਨ ਦਾ ਸਟੋਰ ਸੀ, ਜਿਸ ਵਿਚ ਹਾਕਮ ਦੀ ਜ਼ਮੀਨ ਵਿਚ ਖੇਤੀ ਕਰਨ ਵਾਲੇ ਕਿਸਾਨ, ਟੈਕਸ ਵਜੋਂ, ਜ਼ਮੀਨ ਵਿਚ ਪੈਦਾ ਕੀਤੀ ਫ਼ਸਲ ਦਾ ਕੁਝ ਹਿੱਸਾ ਮੋਦੀ ਖ਼ਾਨੇ ਵਿਚ ਜਮ੍ਹਾ ਕਰਵਾਉਂਦੇ ਸਨ। ਮੋਦੀ ਉਸ ਇਕੱਠੀ ਹੋਈ ਜਿਨਸ ਨੂੰ ਫ਼ੌਜ ਦੇ ਲੰਗਰ ਨੂੰ ਭੇਜਦਾ ਸੀ। ਜਿਹੜੀ ਫਾਲਤੂ ਹੋਵੇ ਉਸ ਨੂੰ ਵੇਚ ਕੇ ਪੈਸੇ ਸਰਕਾਰੀ ਖਜ਼ਾਨੇ ਵਿਚ ਜਮ੍ਹਾ ਕਰਵਾਉਂਦਾ ਸੀ। ਇਸ ਲਈ ਮੋਦੀ ਦਾ ਕੰਮ ਕਾਫ਼ੀ ਜ਼ਿੰਮੇਵਾਰੀ ਦਾ ਸੀ। ਮੋਦੀ ਨੂੰ ਹਰ ਮਹੀਨੇ ਦੀ ਵਿਕਰੀ ਦਾ ਕੁਝ ਹਿੱਸਾ ਮਿਲਦਾ ਸੀ।

ਗੁਰੂ ਜੀ ਨੇ ਮੋਦੀ ਦਾ ਕੰਮ ਸੰਭਾਲਣ ਪਿੱਛੋਂ ਭਾਈ ਮਰਦਾਨੇ ਨੂੰ ਆਪਣੇ ਪਾਸ ਬੁਲਾ ਲਿਆ। ਉਨ੍ਹਾਂ ਦੋਹਾਂ ਦਾ ਹਰ ਰੋਜ਼ ਦਾ ਨੇਮ ਬਣ ਗਿਆ ਸੀ ਕਿ ਸਵੇਰੇ ਉਠ ਕੇ ਵੇਈਂ ਨਦੀ ਵਿਚ ਇਸ਼ਨਾਨ ਕਰਨਾ, ਸੱਚੇ ਮਾਲਕ ਦੀ ਉਸਤਤ ਕਰਨੀ ਅਤੇ ਫਿਰ ਮੋਦੀ ਖ਼ਾਨੇ ਆ ਜਾਣਾ। ਗੁਰੂ ਜੀ ਪਾਸੋਂ ਜਿਹੜਾ ਵੀ ਸੌਦਾ ਲੈਣ ਆਉਂਦਾ ਉਸ ਨੂੰ ਘੱਟ ਦੀ ਥਾਂ ਵੱਧ ਹੀ ਤੋਲ ਕੇ ਦਿੰਦੇ। ਜਿਹੜਾ ਕਿਸਾਨ ਖੇਤੀ ਬਾੜੀ ਦਾ ਟੈਕਸ ਦੇਣ ਲਈ ਜਿਨਸ ਲੈ ਕੇ ਆਉਂਦਾ, ਉਸ ਪਾਸੋਂ ਵੱਧ ਲੈਣ ਦੀ ਕੋਈ ਕੋਸ਼ਿਸ਼ ਨਾ ਕਰਦੇ। ਕੋਈ ਲੋੜਵੰਦ ਗ਼ਰੀਬ ਜਾਂ ਫ਼ਕੀਰ ਆਉਂਦਾ ਤਾਂ ਉਸਦੀ ਲੋੜ ਪੂਰੀ ਕਰ ਦਿੰਦੇ। ਇਸ ਤਰ੍ਹਾਂ ਦਾ ਵਿਹਾਰ ਕਰਦੇ ਹੋਏ ਵੀ ਹਰ ਮਹੀਨੇ ਹਿਸਾਬ ਕਰਨ ਪਿੱਛੋਂ, ਗੁਰੂ ਜੀ ਨੂੰ ਕੁਝ ਨਾ ਕੁਝ ਬਚ ਹੀ ਜਾਂਦਾ। ਹਰ ਕੋਈ ਮੋਦੀ ਖ਼ਾਨੇ ਆਉਣ ਵਾਲਾ ਖ਼ੁਸ਼ ਹੋ ਕੇ ਵਾਪਸ ਜਾਂਦਾ। ਸਭ ਤੋਂ ਵੱਧ ਨਵਾਬ ਦੌਲਤ ਖ਼ਾਨ, ਗੁਰੂ ਜੀ ਦੇ ਈਮਾਨਦਾਰੀ ਨਾਲ ਕੰਮ ਕਰਨ ਉੱਪਰ ਖ਼ੁਸ਼ ਸੀ। ਜਿਸ ਪਾਸ ਕਦੇ ਕਿਸੇ ਨੇ ਜਾ ਕੇ ਮੋਦੀ ਦੀ ਸ਼ਿਕਾਇਤ ਨਹੀਂ ਕੀਤੀ ਸੀ, ਜਿਵੇਂ ਕਿ ਪਹਿਲੇ ਮੋਦੀਆਂ ਦੇ ਘੱਟ ਵੱਧ ਤੋਲਣ ਦੀ ਅਤੇ ਹੋਰ ਹੇਰਾ ਫੇਰੀ ਦੀ ਹੁੰਦੀ ਸੀ।

ਗੁਰੂ ਜੀ ਨੂੰ ਜਦੋਂ ਕਿਸੇ ਨੇ ਪੁੱਛਿਆ, "ਨਾਨਕ, ਅਸੀਂ ਤੈਨੂੰ ਮੋਦੀ ਖ਼ਾਨੇ ਵਿੱਚੋਂ ਗ਼ਰੀਬਾਂ ਦੀਆਂ ਝੋਲੀਆਂ ਭਰਦੇ ਦੇਖਦੇ ਹਾਂ, ਫਿਰ ਵੀ ਮੋਦੀ ਖ਼ਾਨੇ ਨੂੰ ਘਾਟਾ ਕਿਉਂ ਨਹੀਂ ਪੈਂਦਾ ?" ਅੱਗੋਂ ਗੁਰੂ ਜੀ ਉੱਤਰ ਦਿੰਦੇ, "ਮੈਨੂੰ ਇਹ ਮੋਦੀ ਦਾ ਕੰਮ ਉਸ ਮਾਲਕ ਨੇ ਦਿੱਤਾ ਹੈ ਜਿਸ ਨੇ ਇਹ ਗ਼ਰੀਬ ਪੈਦਾ ਕੀਤੇ ਹਨ। ਮੈਂ ਇਹ ਉਸਦਾ ਕੰਮ ਸਮਝ ਕੇ ਨਿਭਾਉਂਦਾ ਹਾਂ, ਫਿਰ ਘਾਟਾ ਕਿਵੇਂ ਪੈ ਸਕਦਾ ਹੈ।"

# ਸੱਚੀ ਪੜ੍ਹਾਈ

ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਵਿਚ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਜ਼ਿਲ੍ਹਾ ਸ਼ੇਖ਼ੂਪੁਰਾ (ਪਾਕਿਸਤਾਨ) ਵਿਚ ਹੋਇਆ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ, ਪਿੰਡ ਦੇ ਹਾਕਮ ਰਾਏ ਬੁਲਾਰ ਪਾਸ ਪਟਵਾਰੀ ਸਨ। ਗੁਰੂ ਜੀ ਜਦੋਂ ਸੱਤ ਸਾਲਾਂ ਦੇ ਹੋਏ ਤਾਂ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਪਿੰਡ ਦੇ ਪਾਂਧੇ ਗੁਪਾਲ ਦਾਸ ਪਾਸ ਹਿਸਾਬ-ਕਿਤਾਬ ਅਤੇ ਦੇਵਨਾਗਰੀ ਸਿੱਖਣ ਲਈ ਭੇਜਣਾ ਸ਼ੁਰੂ ਕੀਤਾ।

ਇਕ ਦਿਨ ਗੁਰੂ ਜੀ ਫੱਟੀ ਅੱਗੇ ਰਖ ਕੇ ਚੁੱਪ ਕਰ ਕੇ ਬੈਠੇ ਸਨ। ਗੁਰੂ ਜੀ ਨੂੰ ਇਸ ਤਰ੍ਹਾਂ ਬੈਠੇ ਦੇਖ ਕੇ ਪਾਂਧੇ ਨੇ ਪੁੱਛਿਆ, "ਨਾਨਕ, ਤੂੰ ਆਪਣਾ ਪਾਠ ਕਿਉਂ ਨਹੀਂ ਯਾਦ ਕਰਦਾ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਹ ਪਾਠ ਯਾਦ ਕਰਨ ਦਾ ਕੀ ਲਾਭ ਜਿਹੜਾ ਸਵਾਏ ਤੋਂ ਡੇਢੇ ਤੇ ਡੇਢਿਆਂ ਤੋਂ ਦੁਗਣੇ ਕਰਨ ਦੇ ਹੀ ਢੰਗ ਦੱਸਦਾ ਹੈ। ਇਹ ਪਾਠ ਇਹ ਨਹੀਂ ਦੱਸਦਾ ਕਿ ਕਿਵੇਂ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।"

ਪਾਂਧੇ ਨੇ ਕਿਹਾ, "ਨਾਨਕ, ਮੈਂ ਤਾਂ ਗਿਣਤੀ ਮਿਣਤੀ ਵਾਲੀ ਹੀ ਪੜ੍ਹਾਈ ਸਿੱਖੀ ਹੈ ਅਤੇ ਇਹ ਹੀ ਸਿਖਾਉਂਦਾ ਆ ਰਿਹਾ ਹਾਂ। ਜੇ ਤੈਨੂੰ ਦੁਨੀਆਂ ਦੇ ਬੰਧਨਾਂ ਤੋਂ ਛੁਟਕਾਰਾ ਪਾਉਣ ਵਾਲੀ ਪੜ੍ਹਾਈ ਆਉਂਦੀ ਹੈ ਤਾਂ ਉਹ ਮੈਨੂੰ ਦੱਸ ?" ਗੁਰੂ ਜੀ ਨੇ ਉੱਤਰ ਦਿੱਤਾ, "ਪਾਂਧਾ ਜੀ, ਇਸ ਕਲਮ ਅਤੇ ਸਿਆਹੀ ਨਾਲ ਇਸ ਫੱਟੀ ਉੱਪਰ ਲਿਖਣਾ ਅਤੇ ਪੜ੍ਹਨਾ ਸੰਸਾਰਕ ਕਿਰਿਆ ਹੈ, ਜਿਸ ਨਾਲ ਮਨ ਇਸ ਦੁਨੀਆਂ ਦੇ ਧੰਦਿਆਂ ਵਿਚ ਫਸਦਾ ਹੈ ਅਤੇ ਜੀਵ ਨੂੰ ਬੰਧਨ ਪੈਂਦੇ ਹਨ। ਬੰਧਨਾਂ ਵਿਚ ਫਸੇ ਹੋਏ ਜੀਵ ਦੇ ਮਨ ਵਿਚ ਵਿਕਾਰ ਪੈਦਾ ਹੁੰਦੇ ਹਨ। ਸੱਚੀ ਲਿਖਾਈ-ਪੜ੍ਹਾਈ ਨਾਲ ਇਸ ਦੁਨੀਆਂ ਦੇ ਬੰਧਨਾਂ ਤੋਂ ਮੋਹ ਟੁਟਦਾ ਹੈ ਅਤੇ ਮਨ ਵਿਕਾਰਾਂ ਤੋਂ ਛੁੱਟਦਾ ਹੈ। ਮਨ ਦੇ ਨਿਰਮਲ ਹੋਣ ਉਪ੍ਰੰਤ ਇਸ ਵਿਚ ਸ਼ੁਭ ਵਿਚਾਰ ਉਪਜਦੇ ਹਨ। ਉਹ ਸੱਚੀ ਪੜ੍ਹਾਈ, ਇਸ ਦੁਨੀਆਂ ਨੂੰ ਪੈਦਾ ਕਰਨ ਵਾਲੇ ਅਤੇ ਇਸਦੀ ਦੇਖਭਾਲ ਕਰਨ ਵਾਲੇ ਦੀ ਉਸਤਤ ਵੱਲ ਪ੍ਰੇਰਦੀ ਹੈ। ਉਸਦੇ ਗੁਣ ਗਾਉਣ ਨਾਲ ਤਨ ਮਨ ਸੁਖੀ ਹੁੰਦਾ ਹੈ ਅਤੇ ਮਨ ਵਿੱਚੋਂ ਜਨਮ-ਮਰਨ ਦਾ ਡਰ ਸਦਾ ਲਈ ਦੂਰ ਹੋ ਜਾਂਦਾ ਹੈ।"

ਪਾਂਧੇ ਨੇ ਕਿਹਾ, "ਹੇ ਨਾਨਕ, ਜੋ ਕੁਝ ਮੈਨੂੰ ਆਉਂਦਾ ਸੀ, ਉਹ ਮੈਂ ਤੈਨੂੰ ਦੱਸ ਦਿੱਤਾ। ਇਹ ਸੱਚੀ ਪੜ੍ਹਾਈ ਮੈਨੂੰ ਨਹੀਂ ਆਉਂਦੀ। ਮੈਂ ਇਹ ਨਹੀਂ ਪੜ੍ਹਾ ਸਕਦਾ।" ਗੁਰੂ ਜੀ ਨੇ ਸਾਰੀ ਕਹਾਣੀ ਘਰ ਆ ਕੇ ਦੱਸ ਦਿੱਤੀ। ਉਨ੍ਹਾਂ ਦਿਨਾਂ ਵਿਚ ਗੁਰੂ ਜੀ ਅਜੇ ਸਿਰਫ਼ ਤੇਰ੍ਹਾਂ ਸਾਲਾਂ ਦੇ ਹੀ ਸਨ। ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫ਼ਾਰਸੀ ਸਿੱਖਣ ਲਈ ਮੌਲਵੀ ਕੁਤਬਦੀਨ ਪਾਸ ਭੇਜਣਾ ਅਰੰਭ ਕਰ ਦਿੱਤਾ। ਇਕ ਦਿਨ ਗੁਰੂ ਜੀ ਨੇ ਮੌਲਵੀ ਨੂੰ ਪੁੱਛਿਆ, "ਇਨ੍ਹਾਂ ਅਲਫ਼, ਬੇ ਆਦਿ ਅੱਖਰਾਂ ਦੇ ਕੀ ਅਰਥ ਹਨ ?" ਮੌਲਵੀ ਪਾਸੋਂ ਇਸ ਤਰ੍ਹਾਂ ਦਾ ਸਵਾਲ ਪਹਿਲਾਂ ਕਦੇ ਕਿਸੇ ਨੇ ਪੁੱਛਿਆ ਨਹੀਂ ਸੀ। ਉਸਨੂੰ ਕੋਈ ਉੱਤਰ ਨਾ ਸੁਝਿਆ ਤਾਂ ਉਸ ਨੇ ਕਿਹਾ, "ਨਾਨਕ, ਤੂੰ ਹੀ ਦੱਸ ਇਨ੍ਹਾਂ ਦੇ ਕੀ ਅਰਥ ਹਨ ?" ਗੁਰੂ ਜੀ ਨੇ ਮੌਲਵੀ ਨੂੰ ਅਲਫ਼ ਤੋਂ ਯੇ ਤਕ ਦੇ ਸਾਰੇ ਅੱਖਰਾਂ ਦੇ ਅਰਥ ਪਰਮਾਤਮਾ ਦੀ ਉਸਤਤ ਵਿਚ ਸੁਣਾ ਦਿੱਤੇ। ਗੁਰੂ ਜੀ ਪਾਸੋਂ ਅੱਖਰਾਂ ਦੇ ਅਰਥ ਸੁਣ ਕੇ ਮੌਲਵੀ ਨੇ ਸਮਝ ਲਿਆ ਕਿ ਜੇ ਵਿਚਾਰ ਕੀਤਾ ਜਾਵੇ ਤਾਂ ਇਹ ਦੁਨਿਆਵੀ ਪੜ੍ਹਾਈ ਪਰਮਾਤਮਾ ਦੀਆਂ ਸਿਫ਼ਤਾਂ ਹਨ। ਸਿਫ਼ਤਾਂ ਦਾ ਵਿਚਾਰਨਾ ਹੀ ਸੱਚੀ ਪੜ੍ਹਾਈ ਹੈ।

READ

GURU ANGAD DEV JI

GURU AMARDAS JI

GURU RAMDAS JI

RECITE JAPJI SAHIB JI

HISTORY QUESTIONS: 50-215